ਜਗਤ ਗੁਰੂ ਨਾਨਕ ਦੇਵ

# ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

**(Established by Act No.19 of 2019 of Legislature of the State of Punjab)**

Ref.No/ PSOU/ COE/..121 Dated: 17/08/2022

ਸਮੂਹ ਪ੍ਰੀਖਿਆ ਕੇਂਦਰ,
ਸਰਕਾਰੀ ਅਤੇ ਏਡਿਡ ਕਾਲਜ,
ਪੰਜਾਬ।

**ਵਿਸ਼ਾ:-** **ਅਗਸਤ 2022 ਪ੍ਰੀਖਿਆਵਾਂ ਦੌਰਾਨ ਪ੍ਰੀਖਿਆ ਕੇਂਦਰਾਂ ਲਈ ਜਰੂਰੀ ਹਦਾਇਤਾਂ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ 17 ਅਗਸਤ 2022 ਤੋਂ ਸ਼ੁਰੂ ਹੋ ਚੁੱਕੀਆਂ ਹਨ। ਇਸ ਲਈ ਪ੍ਰੀਖਿਆਵਾਂ ਸਬੰਧੀ ਸੁਝਾਵਾਂ ਨੂੰ ਦੇਖਦੇ ਹੋਏ ਹੇਠ ਲਿਖੇ ਅਨੁਸਾਰ ਕੁੱਝ ਹਦਾਇਤਾਂ ਨੂੰ ਪ੍ਰੀਖਿਆ ਕੇਂਦਰਾਂ ਲਈ ਸਪੱਸ਼ਟ ਕੀਤਾ ਜਾਂਦਾ ਹੈ:

1. ਥਿਓਰੀ ਪ੍ਰੀਖਿਆਵਾਂ ਲਈ 32 ਪੰਨਿਆਂ ਵਾਲੀ ਉੱਤਰ-ਕਾਪੀ ਅਤੇ ਪ੍ਰੈਕਟੀਕਲ ਪ੍ਰੀਖਿਆਵਾਂ ਲਈ 10 ਪੰਨਿਆਂ ਵਾਲੀ ਉੱਤਰ ਕਾਪੀ ਹੀ ਵਰਤੀ ਜਾਵੇ। ਇਹ ਦੋਨੋ ਉੱਤਰ-ਕਾਪੀਆਂ (ਥਿਓਰੀ ਅਤੇ ਪ੍ਰੈਕਟੀਕਲ) ਅਲੱਗ-ਅਲੱਗ ਪੈਕਟਾਂ ਵਿੱਚ ਯੂਨੀਵਰਸਿਟੀ ਦੇ ਸਟਾਫ ਵੱਲੋ ਪ੍ਰੀਖਿਆ ਕੇਂਦਰਾਂ ਨੂੰ ਪਹੁੰਚਾਇਆ ਗਈਆਂ ਹਨ। ਧਿਆਨ ਵਿੱਚ ਆਇਆ ਹੈ ਕਿ ਕੁੱਝ ਪ੍ਰੀਖਿਆ ਕੇਂਦਰਾਂ ਵਲੋਂ ਥਿਓਰੀ ਦੀ ਪ੍ਰੀਖਿਆ ਵਿੱਚ ਪ੍ਰੈਕਟੀਕਲ ਦੀ ਉੱਤਰ-ਕਾਪੀ ਵਰਤੀ ਗਈ ਹੈ। ਸਬੰਧਤ ਪ੍ਰੀਖਿਆ ਕੇਂਦਰ ਦੇ ਕੋਆਰਡੀਨੇਟਰ ਅਤੇ ਸੁਪਰਡੈਂਟ ਵਲੋਂ ਇਸ ਦਾ ਖਾਸ ਧਿਆਨ ਰੱਖਿਆ ਜਾਵੇ। ਇਸ ਤਰ੍ਹਾਂ ਦੀਆਂ ਉੱਤਰ-ਕਾਪੀਆਂ ਦਾ ਮੁਲਾਂਕਣ ਯੂਨੀਵਰਸਿਟੀ ਵਲੋਂ ਨਹੀਂ ਕੀਤਾ ਜਾਵੇਗਾ ਅਤੇ ਇਸ ਲਈ ਸਬੰਧਤ ਕਾਲਜ ਦੇ ਚੀਫ ਕੋਆਰਡੀਨੇਟਰ ਅਤੇ ਕੋਆਰਡੀਨੇਟਰ ਦੀ ਹੀ ਜਿੰਮੇਵਾਰੀ ਹੋਵੇਗੀ।
2. ਸੁਪਰਡੈਂਟ ਪ੍ਰੀਖਿਆਵਾਂ ਵਲੋਂ ਰੋਜ਼ਾਨਾ ਦੀ ਉੱਤਰ-ਕਾਪੀ (**Used & Unused, Consumption**) ਦਾ ਪ੍ਰੋਫਾਰਮਾ ਭਰਿਆ ਜਾਣਾ ਜਰੂਰੀ ਹੈ। ਇਹ ਪ੍ਰੋਫਾਰਮਾ Flying Squad ਵਲੋਂ ਚੈਕ ਕੀਤਾ ਜਾ ਸਕਦਾ ਹੈ।
3. ਸਮੂਹ ਪ੍ਰੀਖਿਆ ਕੇਂਦਰਾਂ ਦੇ ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਵਲੋਂ ਪ੍ਰਿੰਟਿੰਗ ਸੈਲ ਦੇ ਕੋਆਰਡੀਨੇਟਰਾਂ ਨੂੰ ਯੂਨੀਵਰਸਿਟੀ ਵਲੋਂ ਪ੍ਰੀਖਿਆ ਸਬੰਧੀ ਭੇਜੀ ਜਾ ਰਹੀ ਹਰ ਈ-ਮੇਲ ਅਤੇ whatsapp ਮੈਸੇਜ਼ ਦੀ ਸੂਚਨਾਂ ਦੇਣੀ ਯਕੀਨੀ ਬਣਾਈ ਜਾਵੇ ਤਾਂ ਜੋ ਪ੍ਰੀਖਿਆ ਸਬੰਧੀ ਤਾਲਮੇਲ ਨੂੰ ਬਣਾਇਆ ਜਾ ਸਕੇ।
4. ਪ੍ਰਿੰਟਿੰਗ ਸੈਲ ਦੇ ਕੋਆਰਡੀਨੇਟਰਾਂ ਵਲੋਂ **ਪ੍ਰੋਫਾਰਮਾ ਨੰਬਰ P-3** ਹਰ ਰੋਜ਼ ਭਰਨਾ ਜਰੂਰੀ ਹੈ, ਜਿਸ ਵਿੱਚ ਪ੍ਰਸ਼ਨ ਪੱਤਰ ਦਾ ਵੇਰਵਾ (ਡਾਊਨਲੋਡ ਅਤੇ ਪ੍ਰਿੰਟਿੰਗ ਸਬੰਧੀ) ਦਰਜ ਹੋਣਾ ਚਾਹੀਦਾ ਹੈ। ਇਸ ਪ੍ਰੋਫਾਰਮੇ ਤੇ ਸੁਪਰਡੈਂਟ ਅਤੇ ਕੋਆਰਡੀਨੇਟਰ ਦੋਨਾਂ ਦੇ ਹਸਤਾਖਰ ਕਰਕੇ ਸਬੰਧਤ ਦਸਤਾਵੇਜ਼ ਨੂੰ ਸਵੇਰੇ ਅਤੇ ਸ਼ਾਮ ਦੇ ਸੈਸ਼ਨ ਲਈ ਫਾਈਨਲ ਕੀਤਾ ਜਾਵੇ। **P-3** ਪ੍ਰੋਫਾਰਮਾ **Flying Squad** ਵਲੋਂ ਚੈਕ ਕੀਤਾ ਜਾ ਸਕਦਾ ਹੈ।
5. ਵਿਦਿਆਰਥੀਆਂ ਦੀਆਂ ਕੱਟ ਲਿਸਟਾਂ ਕੋਆਰਡੀਨੇਟਰਾਂ ਦੇ ਲੋਗਿਨ ਵਿੱਚ ਮੌਜੂਦ ਹਨ, ਜਿਸ ਨੂੰ ਡਾਊਨਲੋਡ ਕੀਤਾ ਜਾ ਸਕਦਾ ਹੈ।
6. ਪੈਕਿੰਗ ਅਤੇ ਚਲਾਨ ਬਣਾਉਣ ਸਬੰਧੀ **Procedure** (ਸਵੇਰੇ ਅਤੇ ਸ਼ਾਮ ਦੀ ਪੈਕਿੰਗ ਸਮੇਂ) ਨੂੰ ਈ-ਮੇਲ ਅਤੇ ਸਬੰਧਤ ਕਾਲਜਾਂ ਦੇ **Whatsapp group** ਵਿੱਚ ਅੱਜ ਵੀ **Clarification** ਭੇਜਿਆ ਗਿਆ ਹੈ, ਜਿਸ ਦੀ ਕਾਲਜਾਂ ਵਲੋਂ ਮੰਗ ਕੀਤੀ ਗਈ ਸੀ।

17/08/2022

ਕੰਟਰੋਲਰ ਪ੍ਰੀਖਿਆਵਾਂ

**Controller of Examinations**
**Jagat Guru Nanak Dev**
**Punjab State Open University**
**Patiala**

**ਕਾਪੀ (ਸੂਚਨਾ ਹਿੱਤ):-**

1. ਪ੍ਰੋਗਰਾਮਰ (ਜ.) - ਈ.ਮੇਲ ਅਤੇ Whatsapp ਕਰਨ ਸਬੰਧੀ।



Scanned with CamScanner